ਮਿੱਠੇ ਬੱਚੇ:- "ਮਿੱਠੇ ਬੱਚੇ ਤੁਹਾਡਾ ਅਨਾਦਿ ਨਾਤਾ ਹੈ ਭਰਾ - ਭਰਾ ਦਾ, ਤੁਸੀਂ ਸਾਕਾਰ ਵਿੱਚ ਭਰਾ - ਭੈਣ ਹੋ ਇਸਲਈ ਤੁਹਾਡੀ ਕਦੀ ਕ੍ਰਿਮੀਨਲ ਦ੍ਰਿਸ਼ਟੀ ਨਹੀਂ ਜਾ ਸਕਦੀ"

ਪ੍ਰਸ਼ਨ:- ਵਿਜਯੀ ਅਸ਼ਟ ਰਤਨ ਕੌਣ ਬਣਦੇ ਹਨ? ਉਨ੍ਹਾਂ ਦੀ ਵੈਲਯੂ ਕੀ ਹੈ?

ਉੱਤਰ:- ਜਿਨ੍ਹਾਂ ਦੀ ਮਨਸਾ ਵਿੱਚ ਕ੍ਰਿਮੀਨਲ ਖਿਆਲਾਤ ਨਹੀਂ ਰਹਿੰਦੇ , ਪੂਰੀ ਸਿਵਲ ਆਈ ਹੋਵੇ , ਉਹ ਹੀ ਅਸ਼ਟ ਰਤਨ ਬਣਦੇ ਹਨ ਅਤੇ ਕਰਮਾਤੀਤ ਅਵਸਥਾ ਨੂੰ ਪਾਉਂਦੇ ਹਨ। ਉਨ੍ਹਾਂ ਦੀ ਇੰਨੀ ਜਿਆਦਾ ਵੈਲਯੂ ਹੁੰਦੀ ਜੋ ਕਿਸੇ ਤੇ ਕਦੀ ਗ੍ਰਹਿਚਾਰੀ ਬੈਠਦੀ ਹੈ ਤਾਂ ਉਸੇ ਅਸ਼ਟ ਰਤਨ ਦੀ ਅੰਗੂਠੀ ਪਹਿਨਾਉਂਦੇ ਹਨ। ਸਮਝਦੇ ਹਨ ਇਸ ਨਾਲ ਗ੍ਰਹਿਚਾਰੀ ਉੱਤਰ ਜਾਵੇਗੀ। ਅਸ਼ਟ ਰਤਨ ਬਣਨ ਵਾਲੇ ਦੂਰਾਂਦੇਸ਼ੀ ਬੁੱਧੀ ਹੋਣ ਕਾਰਨ ਭਰਾ - ਭਰਾ ਦੀ ਸਮ੍ਰਿਤੀ ਵਿੱਚ ਨਿਰੰਤਰ ਰਹਿੰਦੇ ਹਨ।

ਓਮ ਸ਼ਾਂਤੀ। ਰੂਹਾਨੀ ਬੱਚੇ ਜਾਣਦੇ ਹਨ। ਉਨ੍ਹਾਂ ਦਾ ਨਾਮ ਕੀ ਹੈ? ਬ੍ਰਾਹਮਣ। ਬ੍ਰਹਮਾ ਕੁਮਾਰ ਅਤੇ ਕੁਮਾਰੀਆਂ ਢੇਰ ਹਨ। ਇਸ ਨਾਲ ਸਿੱਧ ਹੁੰਦਾ ਹੈ ਇਹ ਐਡਾਪਟਿਡ ਚਿਲਡਰਨ ਹਨ ਕਿਉਂਕਿ ਇੱਕ ਹੀ ਬਾਪ ਦੇ ਬੱਚੇ ਹਨ ਤਾਂ ਜ਼ਰੂਰ ਐਡਾਪਟਿਡ ਹਨ। ਤੁਸੀਂ ਬ੍ਰਹਮਕੁਮਾਰ - ਕੁਮਾਰੀਆਂ ਹੀ ਐਡਾਪਟਿਡ ਚਿਲਡਰਨ ਹੋ। ਬਹੁਤ ਚਿਲਡਰਨ ਹਨ। ਇੱਕ ਹੁੰਦੇ ਹੈ ਪ੍ਰਜਾਪਿਤਾ ਬ੍ਰਹਮਾ ਦੇ ਅਤੇ ਇੱਕ ਹੁੰਦੇ ਹਨ ਪਰਮਪਿਤਾ ਪਰਮਾਤਮਾ ਸ਼ਿਵ ਦੇ, ਤਾਂ ਜ਼ਰੂਰ ਉਨ੍ਹਾਂ ਦਾ ਆਪਸ ਵਿੱਚ ਕਨੈਕਸ਼ਨ ਹੈ ਕਿਉਂਕਿ ਉਨ੍ਹਾਂ ਦੇ ਹੈ ਰੂਹਾਨੀ ਬੱਚੇ ਅਤੇ ਇਨ੍ਹਾਂ ਦੇ ਹਨ ਜਿਸਮਾਨੀ ਬੱਚੇ। ਜੇ ਉਨ੍ਹਾਂ ਦੇ ਹਨ ਤਾਂ ਜਿਵੇਂ ਭਰਾ - ਭਰਾ ਹਨ। ਪ੍ਰਜਾਪਿਤਾ ਬ੍ਰਹਮਾ ਦੇ ਸਾਕਾਰ ਭਰਾ - ਭੈਣ ਹੋ ਜਾਂਦੇ ਹਨ। ਭਰਾ - ਭੈਣ ਦਾ ਕ੍ਰਿਮੀਨਲ ਨਾਤਾ ਕਦੀ ਵੀ ਨਹੀਂ ਹੁੰਦਾ। ਤੁਹਾਡੇ ਲਈ ਵੀ ਆਵਾਜ਼ ਹੁੰਦੀ ਹੈ ਨਾ ਕਿ ਇਹ ਸਭ ਨੂੰ ਭਰਾ - ਭੈਣ ਬਣਾਉਂਦੀਆਂ ਹੈ, ਜਿਸ ਨਾਲ ਸ਼ੁੱਧ ਨਾਤਾ ਰਹੇ। ਕ੍ਰਿਮੀਨਲ ਦ੍ਰਿਸ਼ਟੀ ਨਾ ਜਾਵੇ। ਸਿਰਫ਼ ਇਸ ਜਨਮ ਦੇ ਲਈ ਇਹ ਦ੍ਰਿਸ਼ਟੀ ਪੈ ਜਾਨ ਨਾਲ ਫਿਰ ਭਵਿੱਖ ਕਦੀ ਕ੍ਰਿਮੀਨਲ ਦ੍ਰਿਸ਼ਟੀ ਨਹੀਂ ਪਵੇਗੀ। ਇਵੇਂ ਨਹੀਂ ਕਿ ਉੱਥੇ ਭੈਣ - ਭਰਾ ਸਮਝਦੇ ਹਨ। ਉੱਥੇ ਤਾਂ ਜਿਵੇਂ ਮਹਾਰਾਜਾ - ਮਹਾਰਾਣੀ ਹੁੰਦੇ ਹਨ, ਉਵੇਂ ਹੀ ਹੁੰਦੇ ਹਨ। ਹੁਣ ਤੁਸੀਂ ਬੱਚੇ ਜਾਣਦੇ ਹੋ ਅਸੀਂ ਪੁਰਸ਼ੋਤਮ ਸੰਗਮਯੁਗ ਤੇ ਹਾਂ ਅਤੇ ਅਸੀਂ ਸਾਰੇ ਭਰਾ - ਭੈਣ ਹਾਂ। ਪ੍ਰਜਾਪਿਤਾ ਬ੍ਰਹਮਾ ਨਾਮ ਤਾਂ ਹੈ ਨਾ। ਪ੍ਰਜਾਪਿਤਾ ਬ੍ਰਹਮਾ ਕ

ਕਦੋਂ ਹੋਇਆ ਸੀ। - ਇਹ ਦੁਨੀਆਂ ਨੂੰ ਪਤਾ ਨਹੀਂ ਹੈ। ਤੁਸੀਂ ਇੱਥੇ ਬੈਠੇ ਹੋ, ਜਾਣਦੇ ਹੋ ਅਸੀਂ ਪੁਰਸ਼ੋਤਮ ਸੰਗਮਯੁਗੀ ਬੀ.ਕੇ. ਹਾਂ। ਹਾਲੇ ਇਸ ਨੂੰ ਧਰਮ ਨਹੀਂ ਕਹਾਂਗੇ, ਇਹ ਕੁਲ ਦੀ ਸਥਾਪਨਾ ਹੋ ਰਹੀ ਹੈ। ਤੁਸੀਂ ਬ੍ਰਾਹਮਣ ਕੁਲ ਦੇ ਹੋ। ਤੁਸੀਂ ਕਹਿ ਸਕਦੇ ਹੋ ਅਸੀਂ ਬ੍ਰਹਮਾਕੁਮਾਰ - ਕੁਮਾਰੀਆਂ ਜ਼ਰੂਰ ਇੱਕ ਪ੍ਰਜਾਪਿਤਾ ਬ੍ਰਹਮਾ ਦੀ ਸੰਤਾਨ ਹਾਂ। ਇਹ ਨਵੀ ਗੱਲ ਹੈ ਨਾ। ਤੁਸੀਂ ਕਹਿ ਸਕਦੇ ਹੋ ਅਸੀਂ ਬੀ.ਕੇ. ਹਾਂ। ਉਂਞ ਤਾਂ ਵਾਸਤਵ ਵਿੱਚ ਅਸੀਂ ਸਾਰੇ ਬ੍ਰਦਰਜ਼ ਹਾਂ। ਇੱਕ ਬਾਪ ਦੇ ਬੱਚੇ ਹਾਂ। ਉਨ੍ਹਾਂ ਦੇ ਲਈ ਐਡਾਪਟਿਡ ਨਹੀਂ ਕਹਾਂਗੇ। ਅਸੀਂ ਆਤਮਾਵਾਂ ਉਨ੍ਹਾਂ ਦੀ ਸੰਤਾਨ ਤਾਂ ਅਨਾਦਿ ਹਾਂ। ਉਹ ਪਰਮਪਿਤਾ ਪਰਮਾਤਮਾ ਤਾਂ ਸੁਪਰੀਮ ਸੋਲ ਹਾਂ। ਅਤੇ ਕਿਸੇ ਨੂੰ ‘ਸੁਪਰੀਮ’ ਅੱਖਰ ਨਹੀਂ ਕਹਾਂਗੇ। ਸੁਪਰੀਮ ਕਿਹਾ ਜਾਂਦਾ ਹੈ ਸੰਪੂਰਨ ਪਵਿੱਤਰ ਨੂੰ। ਇਵੇਂ ਨਹੀਂ ਕਹਾਂਗੇ ਸਾਰਿਆਂ ਵਿੱਚ ਪਿਓਰਿਟੀ ਹੈ। ਪਿਓਰਿਟੀ ਸਿੱਖਦੇ ਹਾਂ ਇਸ ਸੰਗਮ ਤੇ। ਤੁਸੀਂ ਤਾਂ ਪੁਰਸ਼ੋਤਮ ਸੰਗਮਯੁਗ ਦੇ ਨਿਵਾਸੀ ਹੋ। ਜਿਵੇਂ ਕਲਯੁਗ ਦੇ ਨਿਵਾਸੀ, ਸਤਿਯੁਗ ਦੇ ਨਿਵਾਸੀ ਕਿਹਾ ਜਾਂਦਾ ਹੈ। ਸਤਿਯੁਗ, ਕਲਯੁਗ ਨੂੰ ਤਾਂ ਬਹੁਤ ਜਾਣਦੇ ਹਨ। ਜੇਕਰ ਦੂਰਾਂਦੇਸ਼ੀ ਬੁੱਧੀ ਹੋਵੇ ਤਾਂ ਸਮਝ ਸਕਣਗੇ । ਕੱਲਯੁਗ ਅਤੇ ਸਤਿਯੁਗ ਦੇ ਵਿਚਕਾਰ ਨੂੰ ਕਿਹਾ ਜਾਂਦਾ ਹੈ ਸੰਗਮਯੁਗ। ਸ਼ਾਸਤਰਾਂ ਵਿਚ ਫਿਰ ਯੁੱਗੇ - ਯੁੱਗੇ ਕਹਿ ਦਿੱਤਾ ਹੈ। ਬਾਪ ਕਹਿੰਦੇ ਹਨ ਮੈਂ ਯੁਗੇ - ਯੁਗੇ ਨਹੀਂ ਆਉਂਦਾ ਹਾਂ। ਤੁਹਾਡੀ ਬੁੱਧੀ ਵਿਚ ਇਹ ਹੋਣਾ ਚਾਹੀਦਾ ਹੈ ਕਿ ਅਸੀਂ ਪੁਰਸ਼ੋਤਮ ਸੰਗਮਯੁਗੀ ਬ੍ਰਹਮਾਕੁਮਾਰ - ਕੁਮਾਰੀਆਂ ਹਾਂ। ਨਾ ਅਸੀਂ ਸਤਿਯੁੱਗ ਵਿੱਚ ਹਾਂ, ਨਾ ਕੱਲਯੁੱਗ ਵਿੱਚ ਹਾਂ। ਸੰਗਮ ਦੇ ਬਾਦ ਸਤਿਯੁੱਗ ਆਉਣਾ ਹੈ ਜ਼ਰੂਰ।

ਤੁਸੀਂ ਹੁਣ ਸਤਿਯੁੱਗ ਵਿੱਚ ਜਾਣ ਦੇ ਲਈ ਪੁਰਸ਼ਾਰਥ ਕਰ ਰਹੇ ਹੋ। ਉੱਥੇ ਪਵਿੱਤਰਤਾ ਬਗੈਰ ਕੋਈ ਜਾ ਨਹੀਂ ਸਕਦੇ। ਇਸ ਸਮੇਂ ਤੁਸੀਂ ਪਵਿਤੱਰ ਬਣਨ ਦੇ ਲਈ ਪੁਰਸ਼ਾਰਥੀ ਹੋ। ਸਭ ਤਾਂ ਪਵਿੱਤਰ ਨਹੀਂ ਹਨ। ਕਈ ਪਤਿਤ ਵੀ ਹੁੰਦੇ ਹਨ। ਚਲਦੇ - ਚਲਦੇ ਡਿਗ ਪੈਂਦੇ ਹਨ, ਫਿਰ ਲੁੱਕ ਕੇ ਆ ਅੰਮ੍ਰਿਤ ਪੀਂਦੇ ਹਨ। ਅਸਲ ਵਿੱਚ ਜੋ ਅੰਮ੍ਰਿਤ ਛੱਡ ਵਿਸ਼ ਖਾਂਦੇ ਹਨ, ਉਨ੍ਹਾਂ ਨੂੰ ਕੁਝ ਸਮਾਂ ਆਉਣ ਨਹੀਂ ਦਿੰਦੇ। ਪਰ ਇਹ ਵੀ ਗਾਇਨ ਹੈ - ਜੱਦ ਅੰਮ੍ਰਿਤ ਵੰਡਿਆ ਸੀ ਤਾਂ ਵਿਕਾਰੀ ਅਸੁਰ ਲੁੱਕ ਆਏ ਬੈਠਦੇ ਸੀ। ਕਹਿੰਦੇ ਹਨ ਇੰਦਰ ਸਭ ਵਿੱਚ ਇਵੇਂ ਅਪਵਿੱਤਰ ਆਕੇ ਬੈਠਦੇ ਤਾਂ ਉਨ੍ਹਾਂ ਨੂੰ ਸ਼ਰਾਪ ਲੱਗ ਜਾਂਦਾ ਹੈ। ਇੱਕ ਕਹਾਣੀ ਵੀ ਦੱਸਦੇ ਹਨ ਕਿ ਇੱਕ ਪਰੀ ਇੱਕ ਵਿਕਾਰੀ ਨੂੰ ਲੈ ਆਈ, ਫਿਰ ਉਨ੍ਹਾਂ ਦੀ ਕੀ ਹਾਲ ਹੋਇਆ? ਵਿਕਾਰੀ ਤਾਂ ਜ਼ਰੂਰ ਡਿੱਗ ਪੈਂਦੇ ਹਨ। ਇਹ ਸਮਝ ਦੀ ਗੱਲ ਹੈ। ਵਿਕਾਰੀ ਚੜ੍ਹ ਨਾ ਸਕਣ। ਕਹਿੰਦੇ ਹਨ ਉਹ ਜਾਕੇ ਪੱਥਰ ਬਣਿਆ। ਹੁਣ ਇਵੇਂ ਨਹੀਂ ਕਿ ਮਨੁੱਖ ਪੱਥਰ ਜਾਂ ਝਾੜ ਬਣਦੇ ਹਨ। ਪੱਥਰ ਬੁੱਧੀ ਬਣ ਗਏ ਹਨ। ਇੱਥੇ ਆਉਂਦੇ ਹਨ ਪਾਰਸ ਬੁੱਧੀ ਬਣਨ ਦੇ ਲਈ ਪਰ ਲੁੱਕ ਕੇ ਵਿਸ਼ ਪੀਂਦੇ ਹਨ ਤਾਂ ਸਿੱਧ ਹੁੰਦਾ ਹੈ ਪੱਥਰ ਬੁੱਧੀ ਹੀ ਰਹਿਣਗੇ। ਇਹ ਸਾਹਮਣੇ ਸਮਝਾਇਆ ਜਾਂਦਾ ਹੈ, ਸ਼ਾਸਤਰਾਂ ਵਿੱਚ ਤਾਂ ਇਵੇਂ ਹੀ ਬੈਠ ਲਿਖਿਆ ਹੈ। ਨਾਮ ਰੱਖਿਆ ਹੈ ਇੰਦਰ ਸਭਾ। ਜਿੱਥੇ ਪੁਰਖਰਾਜ ਪਰੀ,

ਕਿਸਮ - ਕਿਸਮ ਦੀਆਂ ਪਰੀਆਂ ਵਿਖਾਉਂਦੇ ਹਨ। ਰਤਨਾਂ ਵਿੱਚ ਵੀ ਨੰਬਰਵਾਰ ਹੁੰਦੇ ਹਨ ਨਾ। ਕੋਈ ਬਹੁਤ ਚੰਗਾ ਰਤਨ, ਕੋਈ ਘੱਟ। ਕੋਈ ਦੀ ਵੈਲਜੂ ਘੱਟ, ਕੋਈ ਦੀ ਬਹੁਤ ਹੁੰਦੀ ਹੈ। 9 ਰਤਨ ਦੀ ਅੰਗੂਠੀ ਵੀ ਬਹੁਤ ਬਣਾਉਂਦੇ ਹਨ। ਐਡਵਰਟਾਈਜ਼ ਕਰਦੇ ਹਨ। ਨਾਮ ਤਾਂ ਰਤਨ ਹੀ ਹੈ। ਇੱਥੇ ਬੈਠੇ ਹੈ ਨਾ। ਪਰ ਉਨ੍ਹਾਂ ਵਿੱਚ ਵੀ ਕਹਿਣਗੇ ਇਹ ਹੀਰਾ ਹੈ, ਇਹ ਪੰਨਾ ਹੈ, ਇਹ ਮਾਣਿਕ, ਪੁਖਰਾਜ ਵੀ ਬੈਠੇ ਹਨ। ਰਾਤ - ਦਿਨ ਦਾ ਫਰਕ ਹੈ। ਉਨ੍ਹਾਂ ਦੀ ਵੈਲਜੂ ਵਿੱਚ ਵੀ ਬਹੁਤ ਫਰਕ ਹੁੰਦਾ ਹੈ। ਓਦਾਂ ਹੀ ਫਿਰ ਫੁੱਲਾਂ ਨਾਲ ਭੇਂਟ ਕੀਤੀ ਜਾਂਦੀ ਹੈ। ਉਨ੍ਹਾਂ ਵਿੱਚ ਵੀ ਵੈਰਾਇਟੀ ਹੈ। ਬੱਚੇ ਜਾਣਦੇ ਹਨ ਕੌਣ - ਕੌਣ ਫੁੱਲ ਹਨ। ਬ੍ਰਾਹਮਣੀਆਂ ਪੰਡੇ ਬਣ ਕੇ ਆਉਂਦੀਆਂ ਹਨ, ਉਹ ਚੰਗਾ ਫੁੱਲ ਹੁੰਦਾ ਹੈ। ਕੋਈ ਤਾਂ ਫਿਰ ਸਟੂਡੈਂਟ ਵੀ ਜਿਆਦਾ ਤਿੱਖੇ ਹੁੰਦੇ ਹਨ, ਸਮਝਾਉਣ ਕਰਨ ਵਿੱਚ। ਬਾਬਾ ਬ੍ਰਾਹਮਣੀ ਨੂੰ ਫੁੱਲ ਨਾ ਦੇਕੇ ਉਨ੍ਹਾਂ ਨੂੰ ਦੇਣਗੇ। ਸਿਖਲਾਉਂਣ ਵਾਲੇ ਨਾਲੋਂ ਵੀ ਉਨ੍ਹਾਂ ਵਿੱਚ ਗੁਣ ਬੜੇ ਚੰਗੇ ਹੁੰਦੇ ਹਨ। ਕੋਈ ਵੀ ਵਿਕਾਰ ਨਹੀਂ ਹੁੰਦਾ। ਕਿਸੇ - ਕਿਸੇ ਵਿੱਚ ਅਵਗੁਣ ਹੁੰਦੇ ਹਨ - ਗੁੱਸੇ ਦਾ ਭੂਤ, ਲੋਭ ਦਾ ਭੂਤ...। ਤਾਂ ਬਾਪ ਜਾਣਦੇ ਹਨ ਇਹ ਫ਼ੇਵਰੇਟ (ਮਨਪਸੰਦ) ਪੰਡਾ ਹੈ, ਇਹ ਸੇਕੇਂਡ ਨੰਬਰ ਹੈ। ਕੋਈ - ਕੋਈ ਪੰਡਾ ਇੰਨਾ ਫ਼ੇਵਰੇਟ ਨਹੀਂ ਹੁੰਦਾ, ਜਿੰਨਾ ਜਿਗਿਆਸੂ, ਜਿੰਨਾ ਨੂੰ ਲੈ ਆਉਂਦੇ ਹਨ ਉਹ ਫ਼ੇਵਰੇਟ ਹੁੰਦੇ ਹਨ। ਇਵੇਂ ਵੀ ਹੁੰਦੇ ਹਨ - ਸਿਖਲਾਉਣ ਵਾਲੇ ਮਾਇਆ ਦੇ ਚੰਬੇ ਵਿੱਚ ਆਕੇ ਵਿਕਾਰ ਵਿੱਚ ਚਲੇ ਜਾਂਦੇ ਹਨ। ਇਵੇਂ ਹਨ, ਬਹੁਤਿਆਂ ਨੂੰ ਦੂਬਣ ਤੋਂ ਕੱਢਦੇ ਹਨ ਅਤੇ ਖ਼ੁੱਦ ਫੱਸ ਮਰਦੇ ਹਨ। ਮਾਇਆ ਬੜੀ ਜਬਰਦਸਤ ਹੈ। ਬੱਚੇ ਵੀ ਸਮਝਦੇ ਹਨ, ਕ੍ਰਿਮੀਨਲ ਆਈ ਬਹੁਤ ਧੋਖਾ ਦਿੰਦੀ ਹੈ। ਜੱਦ ਤੱਕ ਕ੍ਰਿਮੀਨਲ ਆਈ ਹੈ ਤਾਂ ਭਾਈ - ਭੈਣ ਦਾ ਜੋ ਡਾਇਰੈਕਸ਼ਨ ਮਿਲਿਆ ਹੈ ਉਹ ਵੀ ਨਹੀਂ ਚੱਲ ਸਕਦਾ। ਸਿਵਲ ਆਈ ਬਦਲ ਕੇ ਕ੍ਰਿਮੀਨਲ ਆਈ ਬਣ ਜਾਂਦੀ ਹੈ। ਜੱਦ ਕ੍ਰਿਮੀਨਲ ਆਈ ਟੁੱਟ ਕੇ ਪੱਕੀ ਸਿਵਿਲ ਆਈ ਬਣ ਜਾਂਦੀ ਹੈ ਤਾਂ ਉਸ ਨੂੰ ਕਿਹਾ ਜਾਂਦਾ ਹੈ ਕਰਮਾਤੀਤ ਅਵਸਥਾ। ਇੰਨੀ ਆਪਣੀ ਜਾਂਚ ਕਰਨੀ ਹੈ। ਇੱਕਠੇ ਰਹਿੰਦੇ ਹੋਏ ਵਿਕਾਰੀ ਦ੍ਰਿਸ਼ਟੀ ਨਾ ਜਾਵੇ। ਇੱਥੇ ਤੁਸੀਂ ਭਰਾ - ਭੈਣ ਬਣਦੇ ਹੋ, ਗਿਆਨ ਤਲਵਾਰ ਵਿੱਚ ਹੈ। ਸਾਨੂੰ ਤਾਂ ਪਵਿੱਤਰ ਰਹਿਣ ਦੀ ਪੱਕੀ ਪ੍ਰਤਿਗਿਆ ਕਰਨੀ ਹੈ। ਪਰੰਤੂ ਲਿਖਦੇ ਹਨ ਬਾਬਾ ਕਸ਼ਿਸ਼ ਹੁੰਦੀ ਹੈ, ਉਹ ਅਵਸਥਾ ਅਜੁਨ ਪੱਕੀ ਨਹੀਂ ਹੋਈ ਹੈ। ਪੁਰਸ਼ਾਰਥ ਕਰਦੇ ਰਹਿੰਦੇ ਹਨ - ਇਹ ਵੀ ਨਾ ਹੋ। ਇੱਕ ਦਮ ਸਿਵਿਲ ਆਈ ਜੱਦ ਬਣ ਜਾਂਦੀ ਹੈ ਤੱਦ ਹੀ ਵਿਜਯ ਪਾ ਸਕਦੇ ਹਨ। ਅਵਸਥਾ ਇਵੇਂ ਚਾਹੀਦੀ ਹੈ ਜੋ ਕੋਈ ਵਿਕਾਰੀ ਸੰਕਲਪ ਵੀ ਨਾ ਉੱਠੇ, ਇਸ ਨੂੰ ਹੀ ਕਰਮਾਤੀਤ ਅਵਸਥਾ ਕਿਹਾ ਜਾਂਦਾ ਹੈ। ਮੰਜਿਲ ਹੈ।

ਕਿੰਨੀ ਵੰਡਰਫੁਲ ਮਾਲਾ ਬਣਦੀ ਹੈ। 8 ਰਤਨ ਦੀ ਵੀ ਮਾਲਾ ਹੁੰਦੀ ਹੈ। ਬੱਚੇ ਤਾਂ ਢੇਰ ਦੇ ਢੇਰ ਹਨ। ਸੂਰਜਵੰਸ਼ੀ - ਚੰਦ੍ਰਵੰਸ਼ੀ ਘਰਾਣਾ ਇੱਥੇ ਸਥਾਪਨ ਹੁੰਦਾ ਹੈ। ਉਨ੍ਹਾਂ ਸਭ ਨੂੰ ਮਿਲਾ ਕੇ ਫੁੱਲ ਪਾਸ, ਸਕਾਲਰਸ਼ਿਪ ਲੈਣ ਵਾਲੇ 8 ਰਤਨ ਨਿੱਕਲਦੇ ਹਨ। ਉਸ ਵਿੱਚ ਫਿਰ ਉਨ੍ਹਾਂ ਨੂੰ ਰਤਨ ਬਣਾਉਣ ਵਾਲਾ ਹੀਰਾ 'ਸ਼ਿਵ' ਪਾਉਂਦੇ ਹਨ, ਜਿਸ ਨੇ ਇਵੇਂ ਦੇ ਰਤਨ ਬਣਾਏ। ਗ੍ਰਹਿਚਾਰੀ ਬੈਠਦੀ ਹੈ ਤਾ ਵੀ 8 ਰਤਨ ਦੀ ਅੰਗੂਠੀ ਪਹਿਣਦੇ ਹਨ। ਇਸ ਸਮੇਂ ਭਾਰਤ ਤੇ ਰਾਹੂ ਦੀ ਗ੍ਰਹਿਚਾਰੀ ਹੈ। ਪਹਿਲੇ ਸੀ ਵਰਿਕਸ਼ਪਤੀ ਦੀ ਮਤਲਬ ਬ੍ਰਹਿਸਪਤੀ ਦੀ ਦਸ਼ਾ। ਤੁਸੀਂ ਸਤਿਯੁਗੀ ਦੇਵਤਾ ਸੀ, ਵਿਸ਼ਵ ਤੇ ਰਾਜ ਕਰਦੇ ਸੀ। ਫਿਰ ਰਾਹੂ ਦੀ ਦਸ਼ਾ ਬੈਠ ਗਈ। ਹੁਣ ਤੁਸੀਂ ਜਾਣਦੇ ਹੋ ਸਾਡੇ ਉੱਪਰ ਬ੍ਰਹਿਸਪਤੀ ਦੀ ਦਸ਼ਾ ਸੀ, ਨਾਮ ਹੈ ਵਰਕਸ਼ਪਤੀ। ਸ਼ਾਰਟ ਵਿੱਚ ਬ੍ਰਹਿਸਪਤੀ ਕਿਹਾ ਜਾਂਦਾ ਹੈ। ਸਾਡੇ ਤੇ ਬਰੋਬਰ ਬ੍ਰਹਿਸਪਤੀ ਦੀ ਦਸ਼ਾ ਸੀ, ਜਦ ਕਿ ਅਸੀਂ ਵਿਸ਼ਵ ਦੇ ਮਾਲਿਕ ਸੀ, ਹੁਣ ਰਾਹੂ ਦੀ ਦਸ਼ਾ ਬੈਠੀ ਹੈ, ਜੋ ਅਸੀਂ ਕੋੜੀ ਮਿਸਲ ਬਣੇ ਹਾਂ। ਇਹ ਤਾਂ ਹਰ ਇੱਕ ਸਮਝ ਸਕਦੇ ਹਨ। ਪੁੱਛਣ ਦੀ ਵੀ ਗੱਲ ਨਹੀਂ ਹੈ। ਗੁਰੂਆਂ ਆਦਿ ਤੋਂ ਪੁੱਛਦੇ ਹਨ - ਇਸ ਇਮਤਿਹਾਨ ਵਿੱਚ ਪਾਸ ਹੋਣਗੇ? ਇੱਥੇ ਵੀ ਬਾਬਾ ਤੋਂ ਪੁੱਛਦੇ ਹਨ - ਅਸੀਂ ਪਾਸ ਹੋਵਾਂਗੇ? ਕਹਿੰਦਾ ਹਾਂ ਜੇ ਇੰਵੇਂ ਪੁਰਸ਼ਾਰਥ ਵਿੱਚ ਚਲਦੇ ਰਹੇ ਤਾਂ ਕਿਓਂ ਨਹੀਂ ਪਾਸ ਹੋਵੋਂ ਗੇ। ਪਰ ਮਾਇਆ ਬੜੀ ਪ੍ਰਬਲ ਹੈ। ਤੂਫ਼ਾਨ ਵਿੱਚ ਲੈ ਆਵੇਗੀ। ਇਸ ਸਮੇਂ ਤਾਂ ਠੀਕ ਹੈ, ਅੱਗੇ ਚਲ ਕੇ ਤੂਫ਼ਾਨ ਬਹੁਤ ਆਏ ਤਾਂ? ਹੁਣ ਤੁਸੀਂ ਯੁੱਧ ਦੇ ਮੈਦਾਨ ਵਿੱਚ ਹੋ, ਫਿਰ ਅਸੀਂ ਗਾਰੰਟੀ ਕਿਵੇਂ ਕਰ ਸਕਦੇ ਹਾਂ? ਅੱਗੇ ਮਾਲਾ ਬਨਾਉਂਦੇ ਸੀ, ਜਿਨ੍ਹਾਂ ਨੂੰ 2 - 3 ਨੰਬਰ ਵਿੱਚ ਰੱਖਦੇ ਸੀ, ਉਹ ਹੈ ਨਹੀਂ। ਇੱਕਦਮ ਕੰਡਾ ਬਣ ਗਏ। ਤਾਂ ਬਾਪ ਨੇ ਕਿਹਾ - ਬ੍ਰਾਹਮਣਾ ਦੀ ਮਾਲਾ ਬਣ ਨਹੀਂ ਸਕਦੀ ਹੈ। ਯੁੱਧ ਦੇ ਮੈਦਾਨ ਵਿੱਚ ਹਨ ਨਾ। ਅੱਜ ਬ੍ਰਾਹਮਣ, ਕਲ੍ਹ ਸੂਦਰ ਬਣ ਜਾਣਗੇ, ਵਿਕਾਰ ਵਿੱਚ ਗਿਆ, ਗੋਇਆ ਸੂਦਰ ਬਣਿਆ। ਰਾਹੂ ਦੀ ਦਸ਼ਾ ਬੈਠ ਗਈ। ਬ੍ਰਹਿਸਪਤੀ ਦੀ ਦਸ਼ਾ ਦੇ ਲਈ ਪੁਰਸ਼ਾਰਥ ਕਰਦੇ ਸੀ ਵਰਿਕਸ਼ਪਤੀ ਪੜ੍ਹਾਉਂਦੇ ਸੀ। ਚਲਦੇ - ਚਲਦੇ ਮਾਇਆ ਦਾ ਥੱਪੜ ਲੱਗਿਆ, ਫਿਰ ਰਾਹੂ ਦੀ ਦਸ਼ਾ ਬੈਠ ਗਈ। ਟਰੈਟਰ ਬਣ ਪੈਂਦੇ ਹਨ ਇਵੇਂ ਦੇ ਸਾਰੀ ਜਗ੍ਹਾ ਹੁੰਦੇ ਹਨ। ਇੱਕ ਰਾਜਾਈ ਤੋਂ ਨਿਕਲ ਦੂਜੀ ਰਾਜਾਈ ਵਿੱਚ ਜਾਕੇ ਸ਼ਰਨ ਲੈਂਦੇ ਹਨ। ਫਿਰ ਉਹ ਲੋਕੀ ਵੀ ਵੇਖਦੇ ਹਨ ਇਹ ਸਾਡੇ ਕੰਮ ਦਾ ਹੈ ਤਾਂ ਸ਼ਰਨ ਦੇ ਦਿੰਦੇ ਹਨ। ਇਵੇਂ ਬਹੁਤ ਟਰੈਟਰ ਬਣਦੇ ਹਨ ਐਰੋਪਲੇਨ ਸਮੇਤ ਜਾਕੇ ਦੂਜੀ ਰਾਜਾਈ ਵਿੱਚ ਬੈਠਦੇ ਹਨ। ਫਿਰ ਉਹ ਲੋਕ ਅਰੋਪਲੇਨ ਵਾਪਸ ਕਰ ਲੈਂਦੇ ਹਨ, ਉਨ੍ਹਾਂ ਨੂੰ ਸ਼ਰਨ ਦੇ ਦਿੰਦੇ ਹਨ। ਅਰੋਪਲੇਨ ਨੂੰ ਥੋੜ੍ਹੀ ਨਾ ਸ਼ਰਨ ਲੈਂਦੇ, ਉਹ ਤਾਂ ਉਨ੍ਹਾਂ ਦੀ ਪ੍ਰਾਪਰਟੀ ਹੈ ਨਾ। ਉਨ੍ਹਾਂ ਦੀ ਚੀਜ਼ ਉਨ੍ਹਾਂ ਨੂੰ ਵਾਪਿਸ ਕਰ ਦਿੰਦੇ ਹਨ। ਬਾਕੀ ਮਨੁੱਖ, ਮਨੁੱਖਾਂ ਨੂੰ ਸ਼ਰਨ ਦਿੰਦੇ ਹਨ।

ਹੁਣ ਤੁਸੀਂ ਬੱਚੇ ਸ਼ਰਨ ਆਏ ਹੋ ਬਾਪ ਦੇ ਕੋਲ। ਕਹਿੰਦੇ ਹਨ ਸਾਡੀ ਲਾਜ ਰੱਖੋ। ਦਰੋਪਦੀ ਨੇ ਪੁਕਾਰਿਆ ਕਿ ਸਾਨੂੰ ਇਹ ਨੰਗਨ ਕਰਦੇ ਹਨ, ਪਤਿਤ ਹੋਣ ਤੋਂ ਬਚਾਓ। ਸਤਿਯੁਗ ਵਿੱਚ ਕਦੀ ਨੰਗਨ ਨਹੀਂ ਹੁੰਦੇ। ਉਨ੍ਹਾਂ ਨੂੰ ਤਾਂ ਕਹਿੰਦੇ ਹੀ ਸੰਪੂਰਨ ਨਿਰਵਿਕਾਰੀ। ਛੋਟੇ ਬੱਚੇ ਤਾਂ ਹੁੰਦੇ ਹੀ ਹਨ ਨਿਰਵਿਕਾਰੀ। ਇਹ ਗ੍ਰਹਿਸਤ ਵਿਵਹਾਰ ਵਿੱਚ ਰਹਿੰਦੇ ਸੰਪੂਰਨ ਨਿਰਵਿਕਾਰੀ ਰਹਿੰਦੇ ਹਨ। ਭਾਵੇਂ ਇਸਤਰੀ -- ਪੁਰਸ਼ ਨਾਲ ਰਹਿੰਦੇ ਹਨ ਤਾਂ ਵੀ ਨਿਰਵਿਕਾਰੀ ਰਹਿੰਦੇ ਹਨ, ਇਸ ਲਈ ਕਹਿੰਦੇ ਹਨ ਅਸੀਂ ਨਰ ਤੋਂ ਨਾਰਾਇਣ, ਨਾਰੀ ਤੋਂ ਲਕਸ਼ਮੀ ਬਣ ਰਹੇ ਹਾਂ। ਉਹ ਹੈ ਨਿਰਵਿਕਾਰੀ ਦੁਨੀਆ, ਉੱਥੇ ਰਾਵਣ ਨਹੀਂ। ਉਸ ਨੂੰ ਕਿਹਾ ਜਾਂਦਾ ਹੈ ਰਾਮ ਰਾਜ। ਰਾਮ ਸ਼ਿਵਬਾਬਾ ਨੂੰ ਕਿਹਾ ਜਾਂਦਾ । ਰਾਮ ਨਾਮ ਜਪਣ ਦਾ ਮਤਲਬ ਹੈ ਹੀ ਬਾਪ ਨੂੰ ਯਾਦ ਕਰਨਾ। ਰਾਮ - ਰਾਮ ਜੱਦ ਕਹਿੰਦੇ ਹਨ ਤਾਂ ਬੁੱਧੀ ਵਿੱਚ ਨਿਰਾਕਾਰ ਹੀ

ਰਹਿੰਦਾ ਹੈ। ਰਾਮ - ਰਾਮ ਕਹਿੰਦੇ ਹਨ, ਸੀਤਾ ਨੂੰ ਛੱਡ ਦਿੰਦੇ ਹਨ। ਉਦਾਂ ਸ੍ਰੀਕ੍ਰਿਸ਼ਨ ਦਾ ਨਾਮ ਲੈਂਦੇ ਹਨ, ਰਾਧੇ ਨੂੰ ਛੱਡ ਦਿੰਦੇ ਹਨ। ਇੱਥੇ ਤਾਂ ਬਾਪ ਹੈ ਹੀ ਇੱਕ, ਉਹ ਕਹਿੰਦੇ ਹਨ ਮਾਮੇਕਮ ਯਾਦ ਕਰੋ। ਕ੍ਰਿਸ਼ਨ ਨੂੰ ਪਤਿਤ - ਪਾਵਨ ਨਹੀਂ ਕਹਾਂਗੇ। ਛੋਟੇਪਨ ਵਿੱਚ ਰਾਧੇ - ਕ੍ਰਿਸ਼ਨ ਭਰਾ - ਭੈਣ ਵੀ ਨਹੀਂ ਸੀ। ਵੱਖ - ਵੱਖ ਰਾਜਾਈ ਦੇ ਸੀ। ਬੱਚੇ ਤਾਂ ਹੁੰਦੇ ਹੀ ਸ਼ੁੱਧ ਹਨ। ਬਾਬਾ ਵੀ ਕਹਿੰਦੇ ਹਨ - ਬੱਚੇ ਤਾਂ ਫੁੱਲ ਹਨ, ਉਨ੍ਹਾਂ ਵਿੱਚ ਵਿਕਾਰ ਦੀ ਦ੍ਰਿਸ਼ਟੀ ਨਹੀਂ ਹੁੰਦੀ। ਜੱਦ ਵੱਡੇ ਹੁੰਦੇ ਹਨ ਤੱਦ ਦ੍ਰਿਸ਼ਟੀ ਜਾਂਦੀ ਹੈ ਇਸ ਲਈ ਬਾਲਕ ਅਤੇ ਮਹਾਤਮਾ ਨੂੰ ਸਮਾਨ ਕਹਿੰਦੇ ਹਨ ਜੱਦ ਕਿ ਬੱਚਾ ਮਹਾਤਮਾ ਤੋਂ ਵੀ ਉੱਚ ਹੈ। ਮਹਾਤਮਾ ਨੂੰ ਫਿਰ ਵੀ ਮਾਲੂਮ ਹੈ ਅਸੀਂ ਭ੍ਰਿਸ਼ਟਾਚਾਰ ਤੋਂ ਹੀ ਪੈਦਾ ਹੋਇਆ ਸੀ। ਛੋਟੇ ਬੱਚੇ ਨੂੰ ਇਹ ਮਾਲੂਮ ਨਹੀਂ ਰਹਿੰਦਾ ਹੈ। । ਬੱਚਾ ਬਾਪ ਦਾ ਬਣਿਆ ਅਤੇ ਵਰਸਾ ਤਾਂ ਹੈ ਹੀ । ਤੁੱਸੀ ਵਿਸ਼ਵ ਦੀ ਰਾਜਧਾਨੀ ਦੇ ਮਾਲਿਕ ਬਣਦੇ ਹੋ। ਕਲ੍ਹ ਦੀ ਗੱਲ ਹੈ ਤੁਸੀਂ ਵਿਸ਼ਵ ਦੇ ਮਾਲਿਕ ਸੀ। ਹੁਣ ਫਿਰ ਤੁਸੀਂ ਬਣਦੇ ਹੋ। ਇੰਨੀ ਪ੍ਰਾਪਤੀ ਹੁੰਦੀ ਹੈ। ਤਾਂ ਇਸਤਰੀ - ਪੁਰਸ਼ ਭੈਣ - ਭਰਾ ਬਣ ਪਵਿੱਤਰ ਰਹਿਣ ਤਾਂ ਕੀ ਵੱਡੀ ਗੱਲ ਹੈ। ਕੁਝ ਤਾਂ ਮਿਹਨਤ ਵੀ ਚਾਹੀਦੀ ਹੈ ਨਾ। ਹਾਂ, ਨੰਬਰਵਾਰ ਪੁਰਸ਼ਾਰਥ ਅਨੁਸਾਰ ਹੁਣ ਬ੍ਰਿਹਸਪਤੀ ਦੀ ਦਸ਼ਾ ਵਿੱਚ ਜਾਂਦੇ ਹੋ। ਸਵਰਗ ਵਿੱਚ ਤਾਂ ਜਾਂਦੇ ਹਨ ਫਿਰ ਪੜ੍ਹਾਈ ਨਾਲ ਕੋਈ ਉੱਚ ਪਦ ਪਾਉਂਦੇ ਹਨ, ਕੋਈ ਮਧੱਮ, ਕੋਈ ਫੁੱਲ ਬਣਦੇ, ਕੋਈ ਕੀ। ਬਗੀਚਾ ਹੈ ਨਾ। ਫਿਰ ਪਦ ਵੀ ਇਵੇਂ ਲੈਣਗੇ। ਪੁਰਸ਼ਾਰਥ ਖੂਬ ਕਰਨਾ ਹੈ, ਇਵੇਂ ਫੁੱਲ ਬਣਨ ਦੇ ਲਈ ਇਸਲਈ ਬਾਬਾ ਫੁੱਲ ਲੈ ਆਉਂਦੇ ਹਨ ਬੱਚਿਆਂ ਨੂੰ ਵਿਖਾਉਣ। ਬਗੀਚੇ ਵਿੱਚ ਤਾਂ ਕਈ ਤਰ੍ਹਾਂ ਦੇ ਫੁੱਲ ਹੁੰਦੇ ਹਨ। ਸਤਿਯੁਗ ਹੈ ਫੁੱਲਾਂ ਦਾ ਬਗੀਚਾ ਅਤੇ ਇਹ ਹੈ ਕੰਡਿਆਂ ਦਾ ਜੰਗਲ। ਹੁਣ ਤੁਸੀਂ ਕੰਡੇ ਤੋਂ ਫੁੱਲ ਬਣਨ ਦਾ ਪੁਰਸ਼ਾਰਥ ਕਰ ਰਹੇ ਹੋ। ਇੱਕ - ਦੋ ਨੂੰ ਕੰਡਾ ਮਾਰਨ ਤੋਂ ਬਚਣ ਦਾ ਪੁਰਸ਼ਾਰਥ ਕਰ ਰਹੇ ਹੋ। ਜੋ ਜਿੰਨਾ ਪੁਰਸ਼ਾਰਥ ਕਰਨਗੇ ਉੰਨੀ ਜਿੱਤ ਪਾਉਣਗੇ । ਮੂਲ ਗੱਲ ਹੈ ਕਾਮ ਤੇ ਜਿੱਤ ਪਾਉਣ ਨਾਲ ਹੀ ਜਗਤਜੀਤ ਬਣਨਗੇ। ਇਹ ਤਾਂ ਬੱਚਿਆਂ ਤੇ ਰਿਹਾ। ਜਵਾਨਾਂ ਨੂੰ ਤਾਂ ਬਹੁਤ ਮਿਹਨਤ ਕਰਨੀ ਪੈਂਦੀ ਹੈ, ਬੁਢਿਆਂ ਨੂੰ ਘੱਟ। ਵਾਨਪ੍ਰਸ਼੍ਥ ਅਵਸਥਾ ਵਾਲਿਆਂ ਨੂੰ ਹੋਰ ਘੱਟ। ਬੱਚਿਆਂ ਨੂੰ ਬਹੁਤ ਘੱਟ।

ਤੁਸੀਂ ਜਾਣਦੇ ਹੋ ਅਸੀਂ ਵਿਸ਼ਵ ਦੀ ਬਾਦਸ਼ਾਹੀ ਦੀ ਪ੍ਰਾਪਰਟੀ ਮਿਲਦੀ ਹੈ, ਉਨ੍ਹਾਂ ਦੇ ਲਈ ਇੱਕ ਜਨਮ ਪਵਿੱਤਰ ਰਹੇ ਤਾਂ ਕੀ ਹਰਜ਼ਾ। ਉਨ੍ਹਾਂ ਨੂੰ ਕਿਹਾ ਜਾਂਦਾ ਹੈ ਬਾਲਬ੍ਰਹਮਚਾਰੀ । ਅੰਤ ਤੱਕ ਪਵਿੱਤਰ ਰਹਿੰਦੇ ਹਨ। ਜੋ ਪਵਿੱਤਰ ਬਣੇ ਹਨ, ਉਨ੍ਹਾਂ ਨੂੰ ਬਾਪ ਦੀ ਕਸ਼ਿਸ਼ ਹੁੰਦੀ ਹੈ, ਬੱਚਿਆਂ ਨੂੰ ਛੋਟੇਪਨ ਤੋਂ ਹੀ ਗਿਆਨ ਮਿਲਦਾ ਜਾਵੇ ਤਾਂ ਬਚ ਸਕਦੇ ਹਨ। ਛੋਟੇ ਬੱਚੇ ਅਬੋਧ ਹੁੰਦੇ ਹਨ ਪਰ ਫਿਰ ਬਾਹਰ ਸਕੂਲ ਆਦਿ ਵਿੱਚ ਸੰਗ ਦਾ ਰੰਗ ਲੱਗ ਜਾਂਦਾ ਹੈ। ਸੰਗ ਤਾਰੇ ਕੁਸੰਗ ਡੁੱਬੇ। ਬਾਪ ਕਹਿੰਦੇ ਹਨ ਅਸੀਂ ਤੁਹਾਨੂੰ ਪਾਰ ਲੈ ਜਾਂਦੇ ਹਨ ਸ਼ਿਵਾਲੇ ਵਿਚ। ਸਤਿਯੁਗ ਹੈ ਬਿਲਕੁਲ ਨਵੀ ਦੁਨੀਆਂ। ਬਹੁਤ ਥੋੜੇ ਮਨੁੱਖ ਰਹਿੰਦੇ ਹਨ ਫਿਰ ਵ੍ਰਿਧੀ ਨੂੰ ਪਾਉਂਦੇ ਹਨ। ਉੱਥੇ ਤਾਂ ਬਹੁਤ ਥੋੜੇ ਦੇਵਤਾ ਰਹਿੰਦੇ ਹਨ । ਤਾਂ ਨਵੀਂ ਦੁਨੀਆਂ ਵਿੱਚ ਜਾਨ ਦਾ ਪੁਰਸ਼ਾਰਥ ਕਰਨਾ ਹੈ। ਅੱਛਾ!

ਮਿੱਠੇ- ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ - ਪਿਤਾ ਬਾਪਦਾਦਾ ਦਾ ਯਾਦ ਪਿਆਰ ਅਤੇ ਗੁੱਡਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

1. ਬਾਪ ਦਾ ਮਨ ਪਸੰਦ ਬਣਨ ਦੇ ਲਈ ਗੁਣਵਾਨ ਬਣਨਾ ਹੈ। ਚੰਗੇ - ਚੰਗੇ ਗੁਣ ਧਾਰਨ ਕਰ ਫੁੱਲ ਬਣਨਾ ਹੈ। ਅਵਗੁਣ ਕੱਢ ਦੇਣੇ ਹੈ। ਕਿਸੇ ਨੂੰ ਵੀ ਕੰਡਾ ਨਹੀਂ ਲਗਾਉਣਾ ਹੈ। ।

2. ਫੁਲ ਪਾਸ ਹੋਣ ਜਾਂ ਸਕਾਲਰਸ਼ਿਪ ਲੈਣ ਦੇ ਲਈ ਇਵੇਂ ਦੀ ਅਵਸਥਾ ਬਣਾਉਣੀ ਹੈ ਜੋ ਕੁਝ ਵੀ ਯਾਦ ਨਾ ਆਵੇ, ਪੂਰੀ ਸਿਵਿਲ ਆਈ ਬਣ ਜਾਵੇ। ਸਦਾ ਬ੍ਰਿਹਸਪਤੀ ਦੀ ਦਸ਼ਾ ਬਣੀ ਰਹੇ।

ਵਰਦਾਨ:- ਬ੍ਰਾਹਮਣ ਜੀਵਨ ਵਿੱਚ ਸਰਵ ਖਜ਼ਾਨਿਆਂ ਨੂੰ ਸਫ਼ਲ ਕਰ ਸਦਾ ਪ੍ਰਾਪਤੀ ਸੰਪੰਨ ਬਣਨ ਵਾਲੇ ਸੰਤੁਸ਼ਟਮਨੀ ਭਵ

ਬ੍ਰਾਹਮਣ ਜੀਵਨ ਦਾ ਸਭਤੋਂ ਵੱਡੇ ਤੋਂ ਵੱਡਾ ਖਜ਼ਾਨਾ ਹੈ ਸੰਤੁਸ਼ਟ ਰਹਿਣਾ ਜਿੱਥੇ ਸਰਵ ਪ੍ਰਾਪਤੀਆਂ ਹਨ ਉੱਥੇ ਸੰਤੁਸ਼ਟਤਾ ਹੈ ਅਤੇ ਜਿੱਥੇ ਸੰਤੁਸ਼ਟਤਾ ਹੈ ਉੱਥੇ ਸਭ ਕੁਝ ਹੈ। ਜੋ ਸੰਤੁਸ਼ਟਤਾ ਦੇ ਰਤਨ ਹਨ ਉਹ ਸਭ ਪ੍ਰਾਪਤੀ ਸਵਰੂਪ ਹਨ, ਉਹਨਾਂ ਦਾ ਗੀਤ ਹੈ ਪਾਉਣਾ ਸੀ ਉਹ ਪਾ ਲਿਆ … ਇਵੇਂ ਸਰਵ ਪ੍ਰਾਪਤੀ ਸੰਪੰਨ ਬਣਨ ਦੀ ਵਿਧੀ ਹੈ -ਮਿਲੇ ਹੋਏ ਸਰਵ ਖਜ਼ਾਨਿਆਂ ਨੂੰ ਯੂਜ਼ ਕਰਨਾ ਕਿਉਂਕਿ ਜਿਤਨਾ ਸਫਲ ਕਰਨਗੇ ਓਨਾ ਖਜ਼ਾਨੇ ਵਧਦੇ ਜਾਣਗੇ।

ਸਲੋਗਨ:- ਹੋਲੀਹੰਸ ਉਹਨਾਂ ਨੂੰ ਕਿਹਾ ਜਾਂਦਾ ਹੈ ਜੋ ਸਦਾ ਅਛਾਈ ਰੂਪੀ ਮੋਤੀ ਹੀ ਚੁਗਦੇ ਹਨ, ਅਵਗੁਣ ਰੂਪੀ ਕੰਕਰ ਨਹੀਂ।

******